# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ

**ਮੀਮੋਨੰ:DySPD (PEDB)/2019/** 2019424621 **ਮਿਤੀ:** 15-12-2019

**ਜਨਤਕ ਸੂਚਨਾ**

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/18-1ਸਿ6/1575695, ਮਿਤੀ 16.09.2019 ਰਾਹੀਂ ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ 2019 ਜਾਰੀ ਕੀਤੀ ਗਈ ਹੈ।

2.0 ਪਾਲਿਸੀ ਦੀ ਮੱਦ ਨੰ 2 ਅਨੁਸਾਰ ਲਿਖਿਆ ਗਿਆ ਹੈ ਕਿ ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 51 ਤੋਂ ਘੱਟ ਹੈ ਅਤੇ ਸਕੂਲ ਵਿੱਚ ਹੈੱਡ ਟੀਚਰ ਦੀ ਆਸਾਮੀ ਭਰੀ ਹੋਈ ਹੈ, ਤਾਂ ਹੈੱਡ ਟੀਚਰ ਨੂੰ ਆਸਾਮੀ ਸਮੇਤ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 51 ਜਾਂ ਇਸ ਤੋਂ ਵੱਧ ਹੈ।ਹੈੱਡ ਟੀਚਰ ਨੂੰ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿੱਥੇ ਅਸਾਮੀ ਖਾਲੀ ਹੈ ਅਤੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਮਨਜ਼ੂਰ-ਸ਼ੁਦਾ ਹੈ ਅਤੇ ਖਾਲੀ ਹੋਵੇ ਅਤੇ ਉਸ ਦੀ ਆਸਾਮੀ ਨੂੰ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿੱਥੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਦੇਣੀ ਬਣਦੀ ਹੈ। ਰੈਸ਼ਨੇਲਾਇਜੇਸ਼ਨ ਕਰਦੇ ਸਮੇਂ ਜਿਲੇ ਵਿੱਚ ਹੈਡ ਟੀਚਰ ਦੀ ਅਸਾਮੀ ਉਸ ਜਿਲੇ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਦਿੱਤੀ ਜਾਵੇਗੀ। ਹੈਡ ਟੀਚਰ ਦੀ ਅਸਾਮੀ ਨੂੰ ਜਿਲੇ ਤੋਂ ਬਾਹਰ ਸ਼ਿਫਟ ਨਹੀਂ ਕੀਤਾ ਜਾਵੇਗਾ, ਜੇਕਰ 51 ਜਾਂ ਉਸ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲਾਂ ਵਿੱਚ ਹੈਡ ਟੀਚਰ ਦੀ ਅਸਾਮੀ ਦੇਣ ਤੋਂ ਬਾਅਦ ਵੀ ਅਸਾਮੀਆਂ ਬਚਦੀਆਂ ਹਨ ਤਾਂ ਵਿਦਿਆਰਥੀਆਂ ਦੀ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਸਕੂਲਾਂ ਨੂੰ ਹੈਡ ਟੀਚਰ ਦੀਆਂ ਅਸਾਮੀਆਂ ਦਿੱਤੀਆਂ ਜਾਣਗੀਆਂ।

3.0 ਪ੍ਰਾਇਮਰੀ ਸਕੂਲਾਂ ਵਿੱਚ ਰੈਸ਼ਨੇਲਾਈਜੇਸ਼ਨ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਿਤੀ 08.12.2019 ਨੂੰ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਦੇ ਹੋਏ ਕੀਤੀ ਜਾ ਰਹੀ ਹੈ।

4.0 ਹੈਡ ਟੀਚਰ ਦੀ ਬਣਦੀ Entitlement ਮਿਤੀ 08.12.2019 ਨੂੰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਤਿਆਰ ਕੀਤੀ ਗਈ ਹੈ। ਸਮੂਹ ਹੈਡ ਟੀਚਰ ਆਪਣੇ epunjabschool Portal ਤੇ school login Id ਤੇ login ਕਰਕੇ ਆਪਣੇ ਵਿੱਚ ਸਕੂਲ ਦੀ ਹੈਡ ਟੀਚਰ ਦੀ ਬਣਦੀ Entitlement ਵੇਖ ਸਕਦੇ ਹਨ। ਨਾਲ ਹੀ ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਜੇਕਰ ਕਿਸੇ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਨਹੀਂ ਬਣਦੀ ਤਾਂ ਉਸ ਦਾ ਨਾਮ ਵੀ ਦਰਸ਼ਾਇਆ ਗਿਆ ਹੈ।

5.0 ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਜੇਕਰ ਕਿਸੇ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਨਹੀਂ ਬਣਦੀ ਤਾਂ ਸਬੰਧਤ ਹੈਡ ਟੀਚਰ ਖਾਲੀ ਅਸਾਮੀਆਂ/ ਲੋੜੀਂਦੀਆਂ ਅਸਾਮੀਆਂ ਵਿੱਰੁਧ ਸ਼ਿਫਟਿੰਗ ਲਈ ਜਿਲੇ ਵਿੱਚ ਉਪਲਬਧ ਸਾਰੇ ਖਾਲੀ ਸਟੇਸ਼ਨਾਂ ਲਈ ਆਪਣੀ Station preference ਦੇਣਗੇ। ਸ਼ਿਫਟਿੰਗ ਲਈ Station preference ਮਿਤੀ 17.12.2019 ਤੱਕ epunjabschoolportal ਤੇ ਆਪਣੇ employee login Id ਤੇ login ਕਰਕੇ ਦੇ ਸਕਦੇ ਹਨ।

6.0 ਸ਼ਿਫਟਿੰਗ ਲਈ Station preference ਕੇਵਲ online ਹੀ ਲਈ ਜਾਵੇਗੀ ਅਤੇ ਕੇਵਲ ਪੋਰਟਲ ਤੇ ਪ੍ਰਕਾਸ਼ਿਤ vacancy list ਅਨੁਸਾਰ ਹੀ ਲਈ ਜਾਵੇਗੀ। ਵਿਭਾਗ ਵੱਲੋਂ ਸ਼ਿਫਟਿੰਗ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ।ਮੈਰਿਟ ਤਿਆਰ ਕਰਨ ਦਾ criteria ਹੇਠ ਲਿਖੇ ਅਨੁਸਾਰ ਹੈ:

| 1 | 2 | 3 | 4 |
|---|---|---|---|
| Major Factor | Criteria for calculation | Maximum Marks | Remarks |
| Length of Service | (Total length of service in Punjab Education Department in days)/ 365 (upto 4 decimal points)<br>Note: If the marks exceeds *35* then the teacher will get *35* marks | 35 | |
| Age | Age will be calculated on 31st March of every year.<br>A teacher having completed age of 48 years will get 1 mark, 49 years will get 2 marks and so on. Maximum marks will be 10 | 10 | |
| Results | Above State Average of end line or any other term used for Paro Punjab Parao Punjab evaluation<br><br>0-5% = 8 marks<br>5-10% = 20 marks<br>11-15% = 32 marks<br>16-20% = 40marks<br>**Below Average of end line**<br>0-5% =(-) minus 2 marks<br>5-10% = (-) minus 5 marks<br>11-15% = (-) minus 8 marks<br>16-20% =(-) minus 10 marks | 40 | |
| Gender | Female | 10 | |
| Annual Confidential Report | Excellent<br>Very Good<br>Good<br>Average<br>Below Average | 40<br>30<br>20<br>10<br>0 | ACRs of last 5 years will be considered and Average marks (as per criteria in column 3) of last 5 |

| | | | |
|---|---|---|---|
| | | | years ACRs will be considered |
| Total | | 135 | |

7.0 ਜੇਕਰ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਸਕੂਲ ਵਿੱਚ ਨਹੀਂ ਬਣਦੀ ਹੈ ਅਤੇ ਸਬੰਧਤ ਹੈਡ ਟੀਚਰ Station preference ਨਹੀਂ ਦਿੰਦਾ ਜਾਂ ਸਾਰੇ ਖਾਲੀ ਸਟੇਸ਼ਨਾਂ ਤੇ ਆਪਣੀ preference ਨਹੀਂ ਦਿੰਦਾ ਤਾਂ ਵਿਭਾਗ ਵੱਲੋਂ ਸ਼ਿਫਟਿੰਗ ਦੀ ਸਾਰੀ ਪ੍ਰਕ੍ਰਿਆ ਖਤਮ ਹੋਣ ਤੇ ਬਾਕੀ ਖਾਲੀ ਪਈਆਂ ਅਸਾਮੀਆਂ ਵਿਰੁੱਧ ਕਿਸੇ ਵੀ ਸਟੇਸ਼ਨ ਤੇ ਸ਼ਿਫਟ ਕਰ ਦਿੱਤਾ ਜਾਵੇਗਾ।

8.0 ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਜਾਂ 60% ਜਾਂ ਉਸ ਤੋਂ ਵੱਧ ਅੰਗਹੀਣ ਹੈ ਜਾਂ ਵਿਧਵਾ ਹੈ ਅਤੇ ਸਕੂਲ ਵਿੱਚ ਉਸ ਦੀ ਅਸਾਮੀ ਨਹੀਂ ਬਣਦੀ, ਤਾਂ ਅਜਿਹੇ ਹੈਡ ਟੀਚਰ ਨੂੰ ਸਟੇਸ਼ਨ ਪਹਿਲ ਦੇ ਅਧਾਰ ਤੇ ਅਲਾਟ ਕੀਤਾ ਜਾਵੇਗਾ। ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਜਾਂ 60% and above physically handicap ਹੈਡ ਟੀਚਰ ਆਪਣੇ ਦਸਤਾਵੇਜ epunjabschoolportal ਤੇ ਆਪਣੇ employee login Id ਤੇ login ਕਰਕੇ ਅਪਲਾਈ ਕਰਦੇ ਸਮੇਂ attach ਕਰੇਗਾ। ਦਸਤਾਵੇਜ CMO ਵੱਲੋਂ ਜਾਰੀ ਕੀਤਾ ਹੋਵੇ।

9.0 ਜੇਕਰ ਕਿਸੇ ਹੈਡ ਟੀਚਰ ਨੂੰ ਸ਼ਿਫਟਿੰਗ ਲਈ ਆਨ ਲਾਈਨ ਬੇਨਤੀ ਕਰਨ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschool portal ਤੇ ਉਪਲਬਧ ਹੈ।

(signature)

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।